ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

# ਦੀਵਾਲੀ ਮੇਲੇ ਨੂੰ ਲੈ ਕੇ ਵੇਖਿਆ ਗਿਆ ਆਮ ਲੋਕਾਂ 'ਚ ਭਾਰੀ ਉਤਸ਼ਾਹ

## ਘਰੇਲੂ ਉਦਯੋਗ ਨੂੰ ਉਤਸਾਹਿਤ ਕਰਨ ਹਿਤ ਲਾਹੇਵੰਦ ਰਿਹਾ ਦੀਵਾਲੀ ਮੇਲਾ

### ਪ੍ਰਤਾਪ ਬਾਗ ਵਿੱਚ ਲਗਾਇਆ ਗਿਆ ਦੋ ਰੋਜ਼ਾ ਦੀਵਾਲੀ ਮੇਲਾ ਹੋਇਆ ਸਮਾਪਨ

### ਲਗਾਈਆਂ ਗਈਆਂ ਪ੍ਰਦਰਸ਼ਨੀਆਂ ਰਹੀਆਂ ਖਿੱਚ ਦਾ ਕੇਂਦਰ

ਫਾਜ਼ਿਲਕਾ 15 ਅਕਤੂਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਥਾਨਕ ਪ੍ਰਤਾਬ ਬਾਗ ਵਿੱਚ ਲਗਾਏ ਗਏ ਦੋ ਰੋਜ਼ਾ ਦੀਵਾਲੀ ਮੇਲੇ ਦਾ ਬੜੀ ਧੂਮਧਾਮ ਨਾਲ ਸਮਾਪਨ ਹੋਇਆ। ਘਰੇਲੂ ਉਦਯੋਗ ਨੂੰ ਉਤਸਾਹਿਤ ਕਰਨ ਹਿੱਤ ਲਗਾਏ ਇਸ ਮੇਲੇ ਦੌਰਾਨ ਲੋਕਾਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਪਾਇਆ ਗਿਆ। ਇਸ ਮੌਕੇ ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ। ਇਸ ਦੌਰਾਨ ਐਸ.ਡੀ.ਐਮ. ਅਬੋਹਰ ਮਿਸ ਪੂਨਮ ਸਿੰਘ ਵੱਲੋਂ ਮੇਲੇ ਵਿਖੇ ਪਹੁੰਚ ਕਰਕੇ ਪ੍ਰਦਰਸ਼ਨੀਆਂ ਵੇਖਿਆਂ ਗਈਆਂ ਤੇ ਹੱਥੀ ਤਿਆਰ ਕੀਤਾ ਗਿਆ ਸਮਾਨ ਵੀ ਖਰੀਦਿਆ ਗਿਆ।

ਪ੍ਰਤਾਪ ਬਾਗ ਵਿਖੇ ਲਗਾਏ ਗਏ ਇਸ ਮੇਲੇ ਵਿੱਚ ਭਾਰੀ ਗਿਣਤੀ ਵਿੱਚ ਲੋਕਾਂ ਦਾ ਇਕੱਠ ਦੇਖਣ ਨੂੰ ਮਿਲਿਆ। ਦੀਵਾਲੀ ਮੇਲੇ ਦੇ ਮੁੱਖ ਮਕਸਦ ਨੂੰ ਵੇਖਦਿਆਂ ਹੱਥੀ ਤਿਆਰ ਕੀਤੇ ਜਾਣ ਵਾਲੇ ਸਮਾਨ ਦੀ ਸ਼ਲਾਂਘਾ ਕਰਦਿਆਂ ਕਾਫੀ ਮਾਤਰਾ ਵਿੱਚ ਲੋਕਾਂ ਵੱਲੋਂ ਸਮਾਨ ਖਰੀਦਿਆ ਗਿਆ।

ਇਸ ਮੇਲੇ ਦੌਰਾਨ ਵੱਖ-ਵੱਖ ਪ੍ਰਦਰਸ਼ਨੀਆਂ ਮਿੱਟੀ ਦੇ ਬਣੇ ਸਮਾਨ, ਖਿਡੌਣੇ, ਸਿੱਖਿਆ ਵਿਭਾਗ ਵੱਲੋਂ ਗਰੀਨ ਦੀਵਾਲੀ ਮਨਾਉਣ ਦਾ ਸੰਦੇਸ਼, ਸਪੈਸ਼ਲ ਵਿਦਿਆਰਥੀਆਂ ਵੱਲੋਂ ਮੋਮਬੱਤੀਆਂ ਤੇ ਲੈਂਪ, ਪੇਟਿੰਗ, ਘਿਉ, ਦੁੱਧ, ਜੂਸ, ਰਾਇਸ ਮਿੱਲਸ ਵੱਲੋਂ ਚਾਵਲ, ਨਮਕੀਨ ਭੁਜੀਆ, ਖੇਤੀਬਾੜੀ ਵਿਭਾਗ ਵੱਲੋਂ ਲਿਟਰੈਚਰ, ਜਿਆਣੀ ਨੈਚੂਰਲ ਫਾਰਮ ਵੱਲੋਂ ਗੁੜ, ਮਾਲਟਾ, ਸਰ੍ਹੋਂ ਦਾ ਤੇਲ, ਕ੍ਰਿਸ਼ਨ ਲਾਲ ਵੱਲੋਂ ਜੂਟ ਅਤੇ ਪੇਪਰ ਕੈਰੀ ਬੈਗ, ਵੇਰਕਾ, ਓਪੋ, ਸੂਰੀਆ ਮੋਟਰਜ਼ ਆਦਿ ਵੱਲੋਂ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਜੋ ਖਿੱਚ ਦਾ ਕੇਂਦਰ ਰਹੀਆਂ।

ਇਸ ਮੌਕੇ ਸ੍ਰੀਮਤੀ ਸਵਾਤੀ ਚੋਪੜਾ, ਸਕੱਤਰ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਸ੍ਰੀ

ਸੁਭਾਸ਼ ਅਰੋੜਾ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।